Australian Government
Department of Home Affairs

# ਵਿਦਿਆਰਥੀ ਵੀਜ਼ਾ

## COVID-19 ਜਾਂਚ ਅਤੇ ਇਲਾਜ

ਭਾਂਵੇਂ ਕਿ ਜੇ ਤੁਹਾਡੇ ਕੋਲ ਵੀਜ਼ਾ ਨਹੀਂ ਹੈ, ਜਾਂ ਤੁਹਾਨੂੰ ਆਪਣੇ ਵੀਜ਼ੇ ਦੀ ਸਥਿੱਤੀ ਬਾਰੇ ਯਕੀਨ ਨਹੀਂ ਹੈ, ਤੁਹਾਨੂੰ ਜਨਤਕ ਸਿਹਤ ਨਿਰਦੇਸ਼ਾਂ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ। ਜੇ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ, ਡਾਕਟਰੀ ਇਲਾਜ ਕਰਵਾਓ ਅਤੇ COVID-19 ਵਾਸਤੇ ਜਾਂਚ ਕਰਵਾਓ।

ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ COVID-19 ਦੀ ਮੁਫਤ ਜਾਂਚ ਅਤੇ ਇਲਾਜ ਦੀ ਪੇਸ਼ਕਸ਼ ਕਰ ਰਹੀਆਂ ਹਨ।

- ਆਸਟ੍ਰੇਲੀਅਨ ਕੈਪੀਟਲ ਟੈਰੀਟਰੀ
- ਨਿਊ ਸਾਊਥ ਵੇਲਜ਼
- ਨੌਰਦਰਨ ਟੈਰੀਟਰੀ
- ਕੁਈਂਜ਼ਲੈਂਡ
- ਸਾਊਥ ਆਸਟ੍ਰੇਲੀਆ
- ਤਸਮਾਨੀਆ
- ਵਿਕਟੋਰੀਆ
- ਵੈਸਟਰਨ ਆਸਟ੍ਰੇਲੀਆ

## ਮੇਰੇ ਕੋਲ ਵਿਦਿਆਰਥੀ ਵੀਜ਼ਾ ਹੈ

ਵਿਦਿਆਰਥੀ ਵੀਜ਼ੇ ਦੀਆਂ ਸ਼ਰਤਾਂ ਲਈ ਨਰਮਾਈ ਵਾਲੀ ਪਹੁੰਚ ਅਪਣਾਈ ਜਾ ਰਹੀ ਹੈ ਜਿੱਥੇ COVID-19 ਅਤੇ ਸਫਰ ਦੀਆਂ ਪਾਬੰਦੀਆਂ ਵੀਜ਼ੇ ਦੀਆਂ ਸ਼ਰਤਾਂ ਨੂੰ ਪੂਰਾ ਹੋਣ ਤੋਂ ਰੋਕ ਰਹੀਆਂ ਹਨ, ਜਿਵੇਂ ਕਿ ਜਮਾਤ ਵਿੱਚ ਹਾਜ਼ਰੀ ਜਾਂ ਔਨਲਾਈਨ ਪੜ੍ਹਾਈ ਦੇ ਤਰੀਕੇ ਨੂੰ ਵਰਤਣਾ।

ਜੇਕਰ ਆਸਟ੍ਰੇਲੀਆ ਵਿੱਚ ਤੁਹਾਡੀ ਪੜ੍ਹਾਈ ਖਤਮ ਹੋ ਰਹੀ ਹੈ, ਅਤੇ ਤੁਸੀਂ ਆਸਟ੍ਰੇਲੀਆ ਵਿੱਚੋਂ ਜਾਣ ਦੇ ਯੋਗ ਨਹੀਂ ਹੋ, ਇਸ ਤੋਂ ਪਹਿਲਾਂ ਕਿ ਤੁਹਾਡਾ ਵਿਦਿਆਰਥੀ ਵੀਜ਼ਾ ਖਤਮ ਹੋਵੇ, ਤੁਹਾਨੂੰ ਕਿਸੇ ਹੋਰ ਵੀਜ਼ੇ ਲਈ ਅਰਜ਼ੀ ਦੇਣ ਦੀ ਲੋੜ ਹੈ।

ਆਸਟ੍ਰੇਲੀਆ ਦੇ ਪਰਵਾਸੀ ਕਾਨੂੰਨ ਦੇ ਅਧੀਨ, ਵਿਦਿਆਰਥੀ ਵੀਜ਼ੇ ਨੂੰ ਵਧਾਉਣਾ ਸੰਭਵ ਨਹੀਂ ਹੈ।

ਤੁਹਾਨੂੰ ਨਵੇਂ ਵੀਜ਼ੇ ਲਈ ਅਰਜ਼ੀ ਪਾਉਣ ਦੀ ਲੋੜ ਹੋਵੇਗੀ ਜੇਕਰ:

- ਤੁਸੀਂ ਆਪਣੇ ਦੇਸ਼ ਵਾਪਸ ਨਹੀਂ ਜਾ ਸਕਦੇ ਅਤੇ ਤੁਹਾਡਾ ਵੀਜ਼ਾ ਮੁੱਕ ਰਿਹਾ ਹੈ, ਜਾਂ
- ਆਪਣਾ ਕੋਰਸ ਪੂਰਾ ਕਰਨ ਲਈ ਤੁਹਾਨੂੰ ਆਸਟ੍ਰੇਲੀਆ ਵਿੱਚ ਹੋਰ ਸਮਾਂ ਚਾਹੀਦਾ ਹੈ।

ਜੇ ਤੁਸੀਂ ਆਸਟ੍ਰੇਲੀਆ ਵਿੱਚ ਪੜ੍ਹਾਈ ਜਾਰੀ ਰੱਖਣੀ ਚਾਹੁੰਦੇ ਹੋ, ਤੁਹਾਡੇ ਮੌਜੂਦਾ ਵਿਦਿਆਰਥੀ ਵੀਜ਼ੇ ਦੇ ਮੁੱਕਣ ਤੋਂ ਛੇ ਹਫਤੇ ਪਹਿਲਾਂ ਤੁਹਾਨੂੰ ਵਿਦਿਆਰਥੀ ਵੀਜ਼ੇ ਲਈ ਨਵੀਂ ਅਰਜ਼ੀ ਪਾਉਣੀ ਚਾਹੀਦੀ ਹੈ।

ਜੇਕਰ ਆਸਟ੍ਰੇਲੀਆ ਵਿੱਚ ਤੁਹਾਡੀ ਪੜ੍ਹਾਈ ਖਤਮ ਹੋ ਰਹੀ ਹੈ, ਪਰ ਤੁਸੀਂ ਆਸਟ੍ਰੇਲੀਆ ਵਿੱਚੋਂ ਬਾਹਰ ਨਹੀਂ ਜਾ ਸਕਦੇ ਹੋ, ਇਸ ਤੋਂ ਪਹਿਲਾਂ ਕਿ ਤੁਹਾਡਾ ਵਿਦਿਆਰਥੀ ਵੀਜ਼ਾ ਖਤਮ ਹੋਵੇ, ਤੁਹਾਨੂੰ ਕਿਸੇ ਹੋਰ ਵੀਜ਼ੇ ਲਈ ਅਰਜ਼ੀ ਦੇਣ ਦੀ ਲੋੜ ਪਵੇਗੀ।

ਤੁਹਾਡੇ ਹਾਲਾਤਾਂ ਦੇ ਆਧਾਰ ਤੇ, ਤੁਸੀਂ ਸ਼ਾਇਦ ਵਿਜ਼ਿਟਰ ਵੀਜ਼ੇ (ਸਬਕਲਾਸ 600) ਦੇ ਯੋਗ ਹੋ ਸਕਦੇ ਹੋ।

ਵੀਜ਼ੇ ਦੀ ਅਰਜ਼ੀ ਦੀਆਂ ਕਾਰਵਾਈਆਂ ਨਾਲ ਸੰਬੰਧਿਤ ਕੁਝ ਸੇਵਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਸ਼ਾਇਦ ਬਹੁਤ ਸਾਰੀਆਂ ਸੇਵਾਵਾਂ ਉਪਲਬਧ ਨਾ ਹੋਣ। ਇਹਨਾਂ ਵਿੱਚ ਪੈਨਲ ਡਾਕਟਰ ਜੋ ਡਾਕਟਰੀ ਜਾਂਚਾਂ ਕਰਦੇ ਹਨ, ਅੰਗਰੇਜ਼ੀ ਭਾਸ਼ਾ ਦੇ ਇਮਤਿਹਾਨ ਵਾਲੀਆਂ ਸਹੂਲਤਾਂ ਅਤੇ ਬਾਇਓਮੈਟਰਿਕ ਇਕੱਠੇ ਕਰਨਾ ਸ਼ਾਮਲ ਹਨ। ਜਦੋਂ ਇਹ ਸੇਵਾਵਾਂ ਉਪਲਬਧ ਨਹੀਂ ਹਨ, ਬਹੁਤ ਸਾਰੇ ਅਰਜ਼ੀਕਰਤਾ ਵੀਜ਼ੇ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ। ਵਿਦਿਆਰਥੀਆਂ ਨੂੰ ਜਾਂਚਾਂ ਪੂਰੀਆਂ ਕਰਨ ਅਤੇ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਲਈ ਵਾਧੂ ਸਮਾਂ ਦਿੱਤਾ ਜਾਵੇਗਾ।

ਇਸ ਤੋਂ ਪਹਿਲਾਂ ਕਿ ਤੁਹਾਡਾ ਚਲੰਤ ਵੀਜ਼ਾ ਮੁੱਕੇ ਜੇ ਤੁਸੀਂ ਨਵੇਂ ਵੀਜ਼ੇ ਲਈ ਅਰਜ਼ੀ ਦਿੰਦੇ ਹੋ, ਤੁਹਾਨੂੰ ਬਰਿਜ਼ਿੰਗ ਵੀਜ਼ਾ ਜਾਰੀ ਹੋ ਸਕਦਾ ਹੈ ਜਿਸ ਤੇ ਤੁਸੀਂ ਸਾਰੀਆਂ ਜ਼ਰੂਰਤਾਂ ਦੇ ਪੂਰਾ ਹੋਣ ਤੱਕ ਕਾਨੂੰਨੀ ਤੌਰ ਤੇ ਰਹਿ ਸਕੋਗੇ।

## ਵਿਦਿਆਰਥੀ ਵੀਜ਼ੇ ਉੱਤੇ ਕੰਮ ਕਰਨਾ

### ਜੇ ਤੁਹਾਡਾ ਕੋਰਸ 'ਇਸ ਵੇਲੇ ਨਹੀਂ ਚੱਲ ਰਿਹਾ' ਹੈ

ਤੁਸੀਂ ਜਿੰਨ੍ਹੇ ਘੰਟੇ ਚਾਹੋ ਕੰਮ ਕਰ ਸਕਦੇ ਹੋ ਜੇਕਰ ਤੁਹਾਡੇ ਕੋਰਸ ਨੂੰ 'ਇਸ ਵੇਲੇ ਚੱਲਦਾ ਨਹੀਂ' ਮੰਨਿਆ ਜਾਂਦਾ ਹੈ। ਕੋਰਸਾਂ ਨੂੰ ਪਹਿਲਾਂ ਤੋਂ ਤਹਿ ਛੁੱਟੀਆਂ ਵੇਲੇ ਜਾਂ ਜੇਕਰ ਵਿਦਿਆਰਥੀ ਤਹਿ ਸਮੇਂ ਅਨੁਸਾਰ ਆਪਣਾ ਕੋਰਸ ਖਤਮ ਕਰ ਲੈਂਦੇ ਹਨ ਨੂੰ 'ਇਸ ਵੇਲੇ ਚੱਲਦਾ ਨਹੀਂ' ਮੰਨਿਆ ਜਾਂਦਾ ਹੈ।

### ਜੇਕਰ ਤੁਸੀਂ ਖੋਜ ਰਾਹੀਂ ਮਾਸਟਰ ਡਿਗਰੀ ਜਾਂ ਡੌਕਟਰੇਟ ਕੋਰਸ ਕਰ ਰਹੇ ਹੋ

ਜੇਕਰ ਤੁਸੀਂ ਖੋਜ ਰਾਹੀਂ ਮਾਸਟਰ ਡਿਗਰੀ ਜਾਂ ਡੌਕਟਰੇਟ ਕੋਰਸ ਕਰਨਾ ਸ਼ੁਰੂ ਕਰ ਦਿੱਤਾ ਹੈ, ਤੁਸੀਂ ਜਿੰਨ੍ਹੇ ਘੰਟੇ ਚਾਹੋ ਕੰਮ ਕਰ ਸਕਦੇ ਹੋ।

### ਜੇਕਰ ਤੁਹਾਡਾ ਕੋਰਸ ਅਗਾਂਹ ਕਰ ਦਿੱਤਾ ਗਿਆ ਹੈ

ਜੇਕਰ ਤੁਹਾਡਾ ਕੋਰਸ ਅਗਾਂਹ ਕਰ ਦਿੱਤਾ ਗਿਆ ਹੈ, ਤੁਸੀਂ ਪ੍ਰਤੀ ਪੰਦਰਵਾੜਾ 40 ਘੰਟਿਆਂ ਤੋਂ ਜ਼ਿਆਦਾ ਕੰਮ ਕਰ ਸਕਦੇ ਹੋ।

### ਅੰਤਰ-ਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਕਰਨ ਦੇ ਘੰਟਿਆਂ ਵਿੱਚ ਆਰਜ਼ੀ ਛੋਟਾਂ

ਕੁਝ ਖਾਸ ਵਿਦਿਆਰਥੀ ਵੀਜ਼ੇ ਵਾਲਿਆਂ ਨੂੰ ਆਰਜ਼ੀ ਤੌਰ ਤੇ ਪ੍ਰਤੀ ਪੰਦਰਵਾੜਾ 40 ਘੰਟਿਆਂ ਤੋਂ ਜ਼ਿਆਦਾ ਕੰਮ ਕਰਨ ਦੀ ਆਗਿਆ ਹੈ, ਜੇਕਰ ਉਹ:

- ਸਿਹਤ ਦੇ ਖੇਤਰ ਵਿੱਚ ਨੌਕਰੀ ਕਰ ਰਹੇ ਹਨ , ਸਿਹਤ ਨਾਲ ਸੰਬੰਧਿਤ ਕੋਰਸ ਵਿੱਚ ਦਾਖਲ ਹਨ (ਜਿਵੇਂ ਕਿ ਨਰਸਿੰਗ ਜਾਂ ਡਾਕਟਰੀ) ਅਤੇ ਇਕ ਸਿਹਤ ਅਫਸਰ ਦੁਆਰਾ COVID-19 ਦੇ ਖਿਲਾਫ ਲੜਨ ਦੀਆਂ ਕੋਸ਼ਿਆਂ ਵਿੱਚ ਮਦਦ ਕਰਨ ਲਈ ਕਿਹਾ ਗਿਆ ਹੈ
- ਮਨਜ਼ੂਰਸ਼ੁਦਾ ਪ੍ਰਦਾਤੇ ਜਾਂ ਕੌਮਨਵੈਲਥ ਦੁਆਰਾ ਦਿੱਤੇ ਜਾਣ ਵਾਲੇ ਫੰਡ ਨਾਲ ਚੱਲਣ ਵਾਲੇ ਬਜ਼ੁਰਗਾਂ ਦੀ ਸੰਭਾਲ ਵਿੱਚ ਨੌਕਰੀ ਕਰ ਰਹੇ ਹਨ
- ਰਜਿਸਟਰਸ਼ੁਦਾ  ਰਾਸ਼ਟਰੀ ਅਪੰਗਤਾ ਬੀਮਾ ਸਕੀਮ ਦੇ ਪ੍ਰਦਾਤਾ ਕੋਲ ਨੌਕਰੀ ਕਰ ਰਹੇ ਹਨ।

ਆਰਜ਼ੀ ਪ੍ਰਬੰਧ ਸਿਰਫ ਉਹਨਾਂ ਵਿਦਿਆਰਥੀ ਵੀਜ਼ਾ ਧਾਰਕਾਂ ਉੱਤੇ ਲਾਗੂ ਹੋਣਗੇ ਜੋ ਇਹਨਾਂ ਖੇਤਰਾਂ ਵਿੱਚ ਕੰਮ ਕਰਦੇ ਹਨ। ਵੇਖੋ ਅੰਤਰ-ਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਕਰਨ ਦੇ ਘੰਟਿਆਂ ਵਿੱਚ ਆਰਜ਼ੀ ਛੋਟਾਂ।

ਬਜ਼ੁਰਗ ਸੰਭਾਲ ਸੇਵਾਵਾਂ ਦੇ ਪ੍ਰਦਾਤਿਆਂ ਨੂੰ ਵਧੇਰੇ ਵੇਰਵਿਆਂ ਲਈ ਸਿਹਤ ਵਿਭਾਗ ਦੁਆਰਾ ਪ੍ਰਦਾਨ ਕੀਤੇ ਚਿੱਠੀ-ਪੱਤਰ ਦਾ ਹਵਾਲਾ ਲੈਣਾ ਚਾਹੀਦਾ ਹੈ। ਰਜਿਸਟਰ ਹੋਏ ਰਾਸ਼ਟਰੀ ਅਪੰਗਤਾ ਬੀਮਾ ਸਕੀਮ ਵਾਲੇ ਪ੍ਰਦਾਤਿਆਂ ਨੂੰ ਵਧੇਰੇ ਵੇਰਵਿਆਂ ਲਈ NDIS ਕਮਿਸ਼ਨ ਦੁਆਰਾ ਪ੍ਰਦਾਨ ਕੀਤੇ ਚਿੱਠੀ-ਪੱਤਰ ਦਾ ਹਵਾਲਾ ਲੈਣਾ ਚਾਹੀਦਾ ਹੈ।

ਰੁਜ਼ਗਾਰਦਾਤਿਆਂ ਨੂੰ ਅਜੇ ਵੀ ਆਸਟ੍ਰੇਲੀਆ ਦੀ ਕੰਮ ਵਾਲੀ ਜਗ੍ਹਾ ਦੇ ਨਾਲ ਸਾਰੇ ਸਬੰਧਿਤ ਕਾਨੂੰਨਾਂ ਦੀ ਪਾਲਣਾ ਕਰਨ ਦੀ ਲੋੜ ਹੋਵੇਗੀ। ਆਸਟ੍ਰੇਲੀਆ ਦੀ ਕੰਮ ਵਾਲੀ ਜਗ੍ਹਾ ਦੇ ਕਾਨੂੰਨ ਦੇ ਅਧੀਨ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੇ ਸਮੇਤ ਵਿਦੇਸ਼ੀ ਕਾਮਿਆਂ ਦੇ ਦੂਸਰੇ ਸਾਰੇ ਕਰਮਚਾਰੀਆਂ ਵਾਂਗ ਇਕੋ ਜਿਹੇ ਅਧਿਕਾਰ ਹਨ।

## ਆਸਟ੍ਰੇਲੀਆ ਦੀਆਂ ਪੜ੍ਹਾਈ ਦੀਆਂ ਜ਼ਰੂਰਤਾਂ

ਘਰੇਲੂ ਮਾਮਲਿਆਂ ਦਾ ਵਿਭਾਗ ਪੜ੍ਹਾਈ ਕਰਵਾਉਣ ਦੇ ਤਰੀਕਿਆਂ ਦੀ ਨਿਗਰਾਨੀ ਨਹੀਂ ਕਰਦਾ ਹੈ।

ਤੁਹਾਨੂੰ ਆਪਣੇ ਸਿੱਖਿਆ ਪ੍ਰਦਾਤੇ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਕਿਰਪਾ ਕਰਕੇ ਇਸ ਨੂੰ ਵੇਖੋ TEQSA ਅਤੇ ASQA ਦਾ ਲਚਕੀਲੀ ਪੜ੍ਹਾਈ ਬਾਰੇ ਸਾਂਝਾ ਬਿਆਨ।

ਸਫਰ ਦੀਆਂ ਪਾਬੰਦੀਆਂ ਦੇ ਨਤੀਜੇ ਵਜੋਂ ਛੋਟਾਂ ਲਈ ਵੇਖੋ ਡਿਗਰੀ ਦੇ ਪ੍ਰਭਾਵਿਤ ਵਿਦਿਅਰਥੀਆਂ ਲਈ ਔਨਲਾਈਨ ਪੜ੍ਹਾਈ ਕਰਨ ਲਈ ਰਾਸ਼ਟਰੀ ਕੋਡ ਦੀਆਂ ਜ਼ਰੂਰਤਾਂ।

## ਵਿਭਾਗ ਨੂੰ ਸੂਚਿਤ ਕਰਨਾ

ਜੇਕਰ ਤੁਸੀਂ ਵਾਪਸ ਘਰ ਜਾ ਰਹੇ ਹੋ, ਜਾਂ ਤੁਹਾਡੀ ਪੜ੍ਹਾਈ ਦੇ ਹਾਲਾਤ ਬਦਲ ਗਏ ਹਨ, ਤੁਹਾਨੂੰ ਵਿਭਾਗ ਨੂੰ ਸੂਚਿਤ ਕਰਨ ਦੀ ਲੋੜ ਨਹੀਂ ਹੈ।

ਤੁਹਾਡਾ ਵੀਜ਼ਾ ਉਦੋਂ ਤੱਕ ਵੈਧ ਰਹੇਗਾ ਜਦ ਤੱਕ ਤੁਸੀਂ ਦੂਸਰੇ ਵੀਜ਼ੇ ਲਈ ਅਰਜ਼ੀ ਨਹੀਂ ਪਾਉਂਦੇ ਹੋ, ਜਾਂ ਤੁਹਾਡਾ ਵੀਜ਼ਾ ਮੁੱਕ ਨਹੀਂ ਜਾਂਦਾ ਹੈ। ਜੇਕਰ ਤੁਸੀਂ ਘਰ ਵਾਪਸ ਜਾਂਦੇ ਹੋ ਜਾਂ ਆਪਣੀ ਪੜ੍ਹਾਈ ਨੂੰ ਅਗਾਂਹ ਕਰਦੇ ਹੋ ਤੁਹਾਡੇ ਵੀਜ਼ੇ ਦੇ ਦਰਜਾ ਨਹੀਂ ਬਦਲੇਗਾ।

## ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਵਿਦਿਆਰਥੀ

ਆਪਣੇ ਆਪ ਨੂੰ ਆਸਟ੍ਰੇਲੀਆ ਵਿੱਚ ਸੰਭਾਲਣ ਲਈ ਤੁਹਾਨੂੰ ਪਰਿਵਾਰ ਵੱਲੋਂ ਸਹਾਇਤਾ, ਜਿੱਥੇ ਉਪਲਬਧ ਹੋਵੇ ਥੋੜ੍ਹੇ ਸਮੇਂ ਦਾ ਕੰਮ ਕਰਨ ਅਤੇ ਆਪਣੀਆਂ ਬਚਤਾਂ ਉਪਰ ਨਿਰਭਰ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਜੇ ਤੁਸੀਂ ਆਪਣੇ ਆਪ ਦੀ ਸੰਭਾਲ ਨਹੀਂ ਕਰ ਸਕਦੇ, ਤਾਂ ਤੁਹਾਨੂੰ ਆਪਣੇ ਆਮ ਤੌਰ ਤੇ ਨਿਵਾਸ ਕਰਨ ਵਾਲੇ ਦੇਸ਼ ਨੂੰ ਵਾਪਸ ਜਾਣ ਦੇ ਪ੍ਰਬੰਧ ਕਰਨੇ ਚਾਹੀਦੇ ਹਨ। ਸਾਰੇ ਵਿਦਿਆਰਥੀ ਵੀਜ਼ਿਆਂ ਦੀ ਇਕ ਸ਼ਰਤ ਇਹ ਹੈ ਕਿ ਧਾਰਕਾਂ ਕੋਲ ਉਹਨਾਂ ਦੇ ਆਸਟ੍ਰੇਲੀਆ ਵਿੱਚ ਰਹਿਣ ਦੀ ਮਿਆਦ ਦੌਰਾਨ ਆਪਣੀ ਸੰਭਾਲ ਕਰਨ ਲਈ ਧਨ ਤੱਕ ਪਹੁੰਚ ਹੋਣੀ ਚਾਹੀਦੀ ਹੈ।

ਜਿਹੜੇ ਵਿਦਿਆਰਥੀ 12 ਮਹੀਨਿਆਂ ਤੋਂ ਜ਼ਿਆਦਾ ਆਸਟ੍ਰੇਲੀਆ ਵਿੱਚ ਹਨ ਅਤੇ ਆਪਣੇ ਆਪ ਨੂੰ ਵਿੱਤੀ ਮੁਸ਼ਕਿਲ ਵਿੱਚ ਮਹਿਸੂਸ ਕਰ ਰਹੇ ਹਨ, ਉਹ ਆਪਣੀ ਆਸਟ੍ਰੇਲੀਆ ਦੀ ਸੁਪਰਐਨੂਏਸ਼ਨ ਵਿੱਚੋਂ ਕੁਝ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ।

ਕਿਰਪਾ ਕਰਕੇ ਸੁਪਰਐਨੂਏਸ਼ਨ ਤੱਕ ਅਗਾਊਂ ਪਹੁੰਚ ਕਰਨ ਲਈ ਆਸਟ੍ਰੇਲੀਆ ਦੇ ਟੈਕਸ ਦਫਤਰ ਵੈਬ ਸਫੇ ਦਾ ਹਵਾਲਾ ਲਓ

**COVID-19 ਮਹਾਂਮਾਰੀ ਘਟਨਾ ਵੀਜ਼ਾ**

ਜੇਕਰ ਆਸਟ੍ਰੇਲੀਆ ਵਿੱਚ ਤੁਹਾਡਾ ਵੀਜ਼ਾ ਖਤਮ ਹੋ ਰਿਹਾ ਹੈ, ਤੁਸੀਂ ਇਸ ਸਮੇਂ ਵਾਪਸ ਘਰ ਨਹੀਂ ਜਾ ਸਕਦੇ ਹੋ ਅਤੇ ਤੁਸੀਂ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਹੋ, ਤੁਸੀਂ ਆਰਜ਼ੀ ਗਤੀਵਿਧੀ (ਸਬਕਲਾਸ 408) ਆਸਟ੍ਰੇਲੀਆ ਸਰਕਾਰ ਦੁਆਰਾ ਸਮਰਥਿਤ ਘਟਨਾ ਸਟਰੀਮ (COVID-19 ਮਹਾਂਮਾਰੀ ਘਟਨਾ ਵੀਜ਼ਾ) ਦੇ ਯੋਗ ਹੋ ਸਕਦੇ ਹੋ।

ਤੁਹਾਨੂੰ ਇਹ ਵਿਖਾਉਣ ਦੀ ਲੋੜ ਹੋਵੇਗੀ ਕਿ ਕਿਉਂ ਤੁਸੀਂ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ ਹੋ। ਇਸ ਵਿੱਚ ਬਿਆਨ ਅਤੇ ਸਬੂਤ ਸ਼ਾਮਲ ਹੋ ਸਕਦੇ ਹਨ ਕਿ ਤੁਹਾਡੇ ਕੋਲ ਅਗਲੇਰੇ ਵੀਜ਼ੇ ਲਈ ਅਰਜ਼ੀ ਦੀ ਫੀਸ (VAC) ਦਾ ਭੁਗਤਾਨ ਕਰਨ ਲਈ ਕਾਫੀ ਰਕਮ ਤੱਕ ਪਹੁੰਚ ਨਹੀਂ ਹੈ।